# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਸਕੂਲ ਮੁੱਖੀ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

**ਮੀਮੋਨੰ:DySPD (PEDB)/2021/** 74305
**ਮਿਤੀ: 28.02.2021**

**ਵਿਸ਼ਾ: ਅਧਿਅਪਕਾਂ ਦੀਆਂ ਬਦਲੀਆਂ ਸਬੰਧੀ।**
**ਹਵਾਲਾ:** ਇਸ ਦਫਤਰ ਦਾ ਪੱਤਰ ਨੰ: **DySPD (PEDB)/2021/** 74141, ਮਿਤੀ: 27.02.2021

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਅਧਿਆਪਕਾਂ ਵੱਲੋਂ ਵਿਭਾਗ ਨੂੰ Transfer helpline number ਨਾਲ ਸੰਪਰਕ ਕਰਕੇ ਪੁੱਛੇ ਜਾ ਰਹੇ ਪ੍ਰਸ਼ਨਾਂ ਦੇ ਜੁਆਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ | ਪ੍ਰਸ਼ਨ | ਵਿਸ਼ੇਸ਼ ਕਥਨ |
|---|---|---|
| 1 | ਜੇਕਰ ਕਿਸੇ ਅਧਿਆਪਕ ਦੀ ਬਦਲੀਆਂ ਦੇ ਪਹਿਲੇ ਗੇੜ ਵਿੱਚ ਬਦਲੀ ਹੋ ਜਾਂਦੀ ਹੈ ਤਾਂ ਕੀ ਉਹ ਬਦਲੀਆਂ ਦੇ ਦੂਸਰੇ ਗੇੜ ਵਿੱਚ station choice ਦੇ ਸਕਦਾ ਹੈ? | ਨਹੀਂ ਜੀ, ਜਿਸ ਅਧਿਆਪਕ ਦੀ ਬਦਲੀਆਂ ਦੇ ਪਹਿਲੇ ਗੇੜ ਵਿੱਚ ਬਦਲੀ ਹੋ ਜਾਂਦੀ ਹੈ ਉਹ ਦੂਸਰੇ ਗੇੜ ਦੀਆਂ ਬਦਲੀਆਂ ਲਈ station choice ਨਹੀਂ ਦੇ ਸਕਦਾ। |
| 2 | ਜੇਕਰ ਕੋਈ ਅਧਿਆਪਕ ਬਦਲੀਆਂ ਦੇ ਪਹਿਲੇ ਗੇੜ ਵਿੱਚ ਬਦਲੀ ਲਈ station choice ਨਹੀਂ ਦਿੰਦਾ ਤਾਂ ਕੀ ਉਹ ਅਗਲੇ ਗੇੜ ਦੀਆਂ ਬਦਲੀ ਲਈ station choice ਦੇ ਸਕਦਾ ਹੈ? | ਹਾਂ ਜੀ, ਜਿਨ੍ਹਾਂ ਅਧਿਆਪਕਾਂ ਨੇ ਬਦਲੀ ਦੇ ਮੰਤਵ ਲਈ ਆਪਣਾ ਡਾਟਾ ਈ-ਪੰਜਾਬ ਪੋਰਟਲ ਤੇ ਭਰੀਆ ਹੈ ਅਤੇ ਬਦਲੀ ਲਈ ਯੋਗ ਪਾਇਆ ਜਾਂਦਾ ਹੈ ਅਤੇ ਉਸ ਦੀ ਬਦਲੀ ਬਦਲੀਆਂ ਦੇ ਪਹਿਲੇ ਗੇੜ ਵਿੱਚ ਨਹੀਂ ਹੁੰਦੀ ਤਾਂ ਉਹ ਬਦਲਿਆਂ ਦੇ ਦੂਸਰੇ ਗੇੜ ਵਿੱਚ ਬਦਲੀ ਲਈ station choice ਦੇ ਸਕਦੇ ਹਨ। |
| 3 | ਸਿੱਧੀ ਭਰਤੀ ਰਾਹੀਂ ਭਰਤੀ ਐਚ.ਟੀ/ ਸੀ.ਐਚ.ਟੀ ਆਪਣੇ ਤੈਨਾਤੀ ਵਾਲੇ ਜਿਲੇ ਵਿੱਚ direct quota ਦੀਆਂ ਸਾਰੀਆਂ ਅਸਾਮੀਆਂ ਭਰੀਆਂ ਹੋਣ ਤੇ ਜਿਲੇ ਦੇ ਅੰਦਰ ਕਿਸੇ ਖਾਲੀ ਅਸਾਮੀ ਵਿਰੁਧ ਬਦਲੀ ਲਈ ਅਪਲਾਈ ਕਰ ਸਕਦੇ ਹੈ? | ਹਾਂ ਜੀ। ਜੇਕਰ direct quota ਦਾ ਕੋਈ ਐਚ.ਟੀ/ ਸੀ.ਐਚ.ਟੀ ਆਪਣੀ station choice ਦੇ ਚੁੱਕਾ ਹੈ ਅਤੇ ਉਹ ਉਸ ਵਿੱਚ ਕੋਈ ਤਬਦੀਲੀ ਕਰਨਾ ਚਾਹੁੰਦਾ ਹੈ ਤਾਂ ਮਿਤੀ 03.03.2021 ਤੱਕ ਕਰ ਸਕਦਾ ਹੈ। |
| 4 | ਬਦਲੀ ਕਰਵਾਉਣ ਲਈ ਮੌਜੂਦਾ | ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ |

| | | |
|---|---|---|
| | ਸਟੇਸ਼ਨ ਤੇ 2 ਸਾਲ ਦੀ stay ਦੀ ਸ਼ਰਤ ਹੈ ਜਾਂ ਨਹੀਂ? | DySPD (PEDB)/2019/ 193350, ਮਿਤੀ: 08.07.2019 ਨਾਲ ਨੱਥੀ ਰਾਹੀਂ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਜਦੋਂ ਕਿ ਇਹ ਪਾਲਿਸੀ ਮਿਤੀ 25.06.2019 ਤੋਂ ਲਾਗੂ ਹੋਈ ਹੈ, ਇਸ ਲਈ Minimum stay at a particular school ਦਾ ਸਮਾਂ ਪਾਲਿਸੀ ਲਾਗੂ ਹੋਣ ਦੀ ਮਿਤੀ 25.06.2019 ਤੋਂ ਲਾਗੂ ਹੋਵੇਗਾ।<br>ਬਹੁਤ ਸਾਰੇ ਸੁਝਾਵ ਆਏ ਹਨ ਕਿ ਇਹ ਪਾਲਿਸੀ ਮਿਤੀ 25.06.2019 ਨੂੰ mid session ਲਾਗੂ ਹੋਈ ਸੀ ਇਸ ਲਈ ਪਹਿਲਾ ਸਾਲ ਹੋਣ ਕਾਰਨ ਸਾਲ 2019 ਵਿੱਚ ਬਦਲੀਆਂ ਜੁਲਾਈ ਅਤੇ ਅਗਸਤ 2019 ਵਿੱਚ ਲਾਗੂ ਹਈਆਂ ਸਨ।ਜਦੋਂ ਕਿ ਪਾਲਿਸੀ ਅਨੁਸਾਰ ਇਹ ਬਦਲੀਆਂ ਹਰ ਸਾਲ ਸੈਸ਼ਨ ਦੇ ਸ਼ੁਰੂ ਵਿੱਚ ਲਾਗੂ ਹੋਣੀਆਂ ਬਣਦੀਆਂ ਹਨ। ਇਸ ਲਈ ਜਿਨ੍ਹਾਂ ਅਧਿਆਪਕਾਂ ਦੀ ਬਦਲੀ ਪਾਲਿਸੀ ਲਾਗੂ ਹੋਣ ਦੀ ਮਿਤੀ 25.06.2019 ਉਪਰੰਤ ਹੋਈ ਹੈ ਉਹ ਅਗਲੇ ਸੈਸ਼ਨ ਲਈ ਬਦਲੀ ਲਈ ਯੋਗ ਹੋਣਗੇ। ਕਿਉਂ ਜੋ ਚਲਦੀ ਪ੍ਰਕ੍ਰਿਆ ਦੌਰਾਨ ਹੋਣ ਵਾਲੀਆਂ ਬਦਲੀਆਂ ਸੈਸ਼ਨ 2021-22 ਲਈ ਹਨ ਇਸ ਲਈ ਹਾਲ ਦੀ ਘੜੀ ਅਜਿਹੇ ਅਧਿਆਪਕਾਂ ਨੂੰ ਬਦਲੀ ਲਈ ਨਹੀਂ ਵਿਚਾਰਿਆ ਜਾ ਸਕਦਾ। |

ਸਮੂਹ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ: 28.02.2021

ਉਪਰੋਕਤ ਦਾ ਉਤਾਰਾ ਡਿਪਟੀ ਮੈਨੇਜਰ ਐਮ.ਆਈ.ਐਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਸਾਫਟਵੇਅਰ ਵਿੱਚ ਕਿਸੇ ਤਬਦੀਲੀ ਦੀ ਲੋੜ ਹੈ ਤਾਂ ਕਰ ਲਈ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**